ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ।

(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ)
ਪੰਜਾਬ।
ਮੀਮੋ ਨੰ.ਈ-434491/2024 26842
ਮਿਤੀ:- 28.01.2024

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ਼ (ਕੰਪੋਨੈਂਟ 1) (ਕੰਪੋਨੈਂਟ 2) ਸਕੀਮ ਅਧੀਨ ਸਾਲ 2023-24 ਦੇ ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕਰਵਾਉਣ ਸਬੰਧੀ।

ਹਵਾਲਾ- ਇਸ ਦਫਤਰ ਦੇ ਪੱਤਰ ਨੰ E-434491/2023324166 ਮਿਤੀ 07.12.2023, 2024353 ਮਿਤੀ 01.01.2024, 20243175 ਮਿਤੀ 02.01.2024, 20246248 ਮਿਤੀ 04.01.2024, 202415264 ਮਿਤੀ 14.01.2024, 202417481 ਮਿਤੀ 16.01.2024 ਅਤੇ 202425926 ਮਿਤੀ 25.01.2024 ਦੇ ਸਬੰਧ ਵਿਚ।

1. ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਮੁੱਖ ਦਫਤਰ ਵਲੋ ਭਾਰਤ ਸਰਕਾਰ ਨੂੰ ਬੇਨਤੀ ਪੱਤਰ ਭੇਜਿਆ ਗਿਆ ਕਿ ਉਕਤ ਸਕੀਮ ਅਧੀਨ ਘੱਟ ਵਿਦਿਆਰਥੀ ਅਪਲਾਈ ਹੋਣ ਕਾਰਨ ਨੈਸ਼ਨਲ ਸਕਾਲਰਸ਼ਿਪ ਪੋਰਟਲ ਦੀ ਮਿਤੀ ਵਿਚ ਵਾਧਾ ਕੀਤਾ ਜਾਵੇ (ਕਾਪੀ ਨੱਥੀ)। ਜਿਸਦੇ ਸਬੰਧ ਵਿਚ ਭਾਰਤ ਸਰਕਾਰ ਵਲੋ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਯੋਗ ਵਿਦਿਆਰਥੀਆ ਨੂੰ ਅਪਲਾਈ ਕਰਵਾਉਣ ਲਈ ਮਿਤੀ ਵਿਚ ਹੇਠ ਲਿਖੇ ਅਨੁਸਾਰ ਵਾਧਾ ਕਰ ਦਿੱਤਾ ਗਿਆ ਹੈ –

| | |
|---|---|
| Application for students closing date | 05.02.2024 |
| L1 Application verification for institute closing date | 12.02.2024 |
| L2 Verification | 19.02.2024 |

2. ਉਕਤ ਸਕੀਮਾ ਅਧੀਨ ਵੱਧ ਤੋ ਵੱਧ ਯੋਗ ਲਾਭਪਾਤਰੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-1) ਸਕੀਮ ਅਧੀਨ *ਅਜੇ ਤੱਕ ਨੌਵੀਂ ਅਤੇ ਦਸਵੀਂ ਦੇ ਕੇਵਲ 63010 ਵਿਦਿਆਰਥੀਆਂ ਵਲੋ ਹੀ ਅਪਲਾਈ ਕੀਤਾ ਗਿਆ ਹੈ* (ਨੱਥੀ ਜਿਲ੍ਹਾ ਵਾਈਜ ਰਿਪੋਰਟ)।

3. ਇਸੇ ਤਰ੍ਹਾਂ ਹੀ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-2) ਸਕੀਮ ਅਧੀਨ *ਐਨ.ਐਸ.ਪੀ. ਪੋਰਟਲ ਤੇ ਅਜੇ ਤੱਕ ਕੇਵਲ 57 ਵਿਦਿਆਰਥੀਆ ਵਲੋ ਹੀ ਅਪਲਾਈ ਕੀਤਾ ਗਿਆ ਹੈ* (ਨੱਥੀ ਰਿਪੋਰਟ)। ਐਨ.ਐਸ.ਪੀ. ਪੋਰਟਲ ਤੇ ਕੰਪੋਨੈਂਟ-2 ਸਕੀਮ ਅਧੀਨ ਬਹੁਤ ਹੀ ਘੱਟ ਵਿਦਿਆਰਥੀਆ ਵਲੋ ਅਪਲਾਈ ਕੀਤਾ ਜਾ ਰਿਹਾ ਹੈ ਇਸ ਲਈ ਵੱਧ ਤੋ ਵੱਧ ਯੋਗ ਲਾਭਪਾਤਰੀਆ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ।

4. ਵਿਦਿਆਰਥੀਆ ਦੇ ਅਪਲਾਈ ਕਰਨ ਦੀ ਆਖਰੀ ਮਿਤੀ 05.02.2024 ਹੈ, ਇਸ ਤੋ ਬਾਅਦ ਪੋਰਟਲ ਦੀਆਂ ਮਿਤੀਆਂ ਵਿਚ ਵਾਧਾ ਨਹੀ ਕੀਤਾ ਜਾਵੇਗਾ। *ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾ ਦੇ ਮੁਖੀਆ ਨੂੰ ਹਦਾਇਤ ਕੀਤੀ ਜਾਵੇ ਕਿ ਮਿੱਥੇ ਸਮੇ ਦੇ ਅੰਦਰ ਵੱਧ ਤੋ ਵੱਧ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਸਕੀਮ ਦੇ ਲਾਭ ਤੋ ਵਾਂਝਾ ਨਾ ਰਹਿ ਜਾਵੇ।*

5. ਯੋਗ ਲਾਭਪਾਤਰੀਆ ਨੂੰ ਐਨ.ਐਸ.ਪੀ. ਪੋਰਟਲ ਤੇ ਸਮੇ ਸਿਰ ਅਪਲਾਈ ਨਾ ਕਰਵਾਉਣ ਦੀ ਸੂਰਤ ਵਿਚ ਸਕੂਲ ਮੁਖੀ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਜਿਲ੍ਹਾ ਵਜੀਫਾ ਨੋਡਲ ਅਫਸਰ) ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਨੱਥੀ- ਨੱਥੀ ਉਕਤ ਅਨੁਸਾਰ।

28.01.2024

ਸਹਾਇਕ ਡਾਇਰੈਕਟਰ (ਵਜੀਫਾ)

Scanned with OKEN Scanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਬੀ-5/1()/2024/1274 ਮਿਤੀ: 29/01/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਜਰੂਰੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ
ਮਿਤੀ 29/01/24